# Kavlok
# ਕਾਵਿਲੋਕ


ਤਿਮਾਹੀ - RNI Title Code PUN PUN 04277 - Quarterly

| | | | | | |
|---|---|---|---|---|---|
| Vol. 1 | Issue 3 | January-March 2023 | Published at Jalandhar | Price 50/- | Pages 52 |
| ਸਾਲ 1 | ਅੰਕ 3 | ਜਨਵਰੀ - ਮਾਰਚ 2023 | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ 50/- | ਸਫ਼ੇ 52 |


ਜਦੋਂ ਆਦਮੀ ਮਰ ਜਾਂਦਾ ਹੈ
ਉਹ ਕੁਝ ਨਹੀਂ ਸੋਚਦਾ
ਉਹ ਕੁਝ ਨਹੀਂ ਬੋਲਦਾ।

ਕੁਝ ਨਾ ਸੋਚਣ 'ਤੇ
ਕੁਝ ਨਾ ਬੋਲਣ 'ਤੇ
ਆਦਮੀ ਮਰ ਜਾਂਦਾ ਹੈ।

-ਉਦੈ ਪ੍ਰਕਾਸ਼

# Kavlok

**Peer-reviewed Literary Research Journal**

ਸਰਪ੍ਰਸਤ
**ਸੁਰਿੰਦਰ ਸਿੰਘ ਸੁੱਨੜ**
*Pattran*
**Surinder Singh Sunner**

ਸੰਪਾਦਕ
**ਲਖਵਿੰਦਰ ਸਿੰਘ ਜੌਹਲ**
*Editor*
**Lakhvinder Singh Johal**



ਸੰਪਾਦਕੀ ਮੰਡਲ
**Editorial Board**
ਡਾ. ਸ.ਪ. ਸਿੰਘ
Dr. S.P. Singh
ਡਾ. ਸੁਰਜੀਤ ਪਾਤਰ
Dr. Surjit Patar
ਡਾ. ਜਸਵਿੰਦਰ ਸਿੰਘ
Dr. Jaswinder Singh
ਡਾ. ਯੋਗ ਰਾਜ
Dr. Yog Raj
ਡਾ. ਭੀਮਇੰਦਰ ਸਿੰਘ
Dr. Bhiminder Singh



email
kavlok2020@gmail.com


Website
www.kavlok.in


Contact
9417194812


## ਇਸ ਅੰਕ ਵਿੱਚ


- ਸੰਪਾਦਕੀ - ਡਾ. ਲਖਵਿੰਦਰ ਸਿੰਘ ਜੌਹਲ
- ਸਵੈਕਥਨ : ਮੈਂ ਕਵਿਤਾ ਨਾਲ ਲਟਾਪੀਂਘ ਨਹੀਂ ਹੋਇਆ ਰਹਿੰਦਾ : ਜਸਵੰਤ ਜ਼ਫ਼ਰ
- ਪੰਜਾਬੀ ਭਾਸ਼ਾ ਪ੍ਰਤੀ ਬੇਰੁਖੀ ਚਿੰਤਾਜਨਕ
  ਸੁਰਜੀਤ ਪਾਤਰ ਨਾਲ ਹਰਦੇਵ ਚੌਹਾਨ (ਕੈਨੇਡਾ) ਦੀ ਮੁਲਾਕਾਤ
- ਮੇਰੀ ਪਹਿਲੀ ਕਾਵਿ-ਕਿਤਾਬ
  -ਗੁਰਪ੍ਰੀਤ
- ਗੁਰਦਾਸ ਰਾਮ ਆਲਮ
  ਦਲਿਤ ਚੇਤਨਾ ਦੀ ਕਵਿਤਾ
  -ਸੁਖਵਿੰਦਰ ਸਿੰਘ
- ਕਰੋਨਾ-ਕਾਲ ਦੀਆਂ ਬਨਵਾਸੀਆਂ ਸਥਿਤੀਆਂ ਦਾ ਕਾਵਿ-ਰੂਪਾਂਤਰਣ : 'ਪਾਣੀ ਹੋਏ ਵਿਚਾਰ'
  -ਡਾ. ਹਰਜਿੰਦਰ ਸਿੰਘ
- ਕਵਿਤਾ ਤਾਂ ਹਾਜ਼ਰ-ਨਾਜ਼ਰ ਹੈ
  -ਡਾ. ਗੁਰਬਖ਼ਸ਼ ਸਿੰਘ ਭੰਡਾਲ
- ਡਾਕਟਰ ਵਨੀਤਾ ਕਾਵਿ ਦੀ ਭਾਸ਼ਾ
  -ਡਾ. ਮਿੰਨੀ ਸਲਵਾਨ

ਅਤੇ ਹੋਰ ਬਹੁਤ ਕੁੱਝ








ਚੈੱਕ ਜਾਂ ਡਰਾਫ਼ਟ
**KAVLOK**
ਦੇ ਨਾਮ ਹੀ ਭੇਜੇ ਜਾਣ
**Central Bank**
A/c No. : 5102475270
IFSC : CBIN0284551

ਇਕ ਕਾਪੀ 50/-
ਸਾਲਾਨਾ 200/-
ਜੀਵਨ ਮੈਂਬਰ 5000/-
£100 $150



20 Professor Colony,
Near Wadala Chowk,
Jalandhar
Punjab-144003.




# ਕਰੋਨਾ-ਕਾਲ ਦੀਆਂ ਬਨਵਾਸੀਆਂ ਸਥਿਤੀਆਂ ਦਾ ਕਾਵਿ-ਰੂਪਾਂਤਰਣ ਪਾਣੀ ਹੋਏ ਵਿਚਾਰ

• ਡਾ. ਹਰਜਿੰਦਰ ਸਿੰਘ •

'ਪਾਣੀ ਹੋਏ ਵਿਚਾਰ' (2022) ਸਮਕਾਲੀ ਪੰਜਾਬੀ ਕਾਵਿ-ਜਗਤ ਦੇ ਸਮਰੱਥ ਸ਼ਾਇਰ ਲਖਵਿੰਦਰ ਜੌਹਲ ਦਾ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿਚ ਸ਼ਾਮਲ ਕਵਿਤਾਵਾਂ ਸਮਕਾਲੀ ਸਮਾਜ-ਸਭਿਆਚਾਰ ਦੇ ਅਮਾਨਵੀ ਤੇ ਅਨੈਤਿਕ ਵਿਵਹਾਰ ਦੇ ਧਾਰਨੀ ਹੋਣ ਦਾ ਕਾਵਿ-ਪ੍ਰਵਚਨ ਸਿਰਜਦੀਆਂ ਹਨ। ਇਹਨਾਂ ਕਵਿਤਾਵਾਂ ਦੇ ਪਾਠ ਵਿਚੋਂ ਗੁਜ਼ਰਦਿਆਂ ਸਪੱਸ਼ਟ ਹੁੰਦਾ ਹੈ ਕਿ ਇਹ ਕਵਿਤਾਵਾਂ ਨਿਰੋਲ ਕਲਪਨਾ ਜਾਂ ਕਿਸੇ ਅਵੇਸ਼ 'ਚੋਂ ਪੈਦਾ ਨਹੀਂ ਹੋਈਆਂ ਸਗੋਂ ਕਵੀ ਦੇ ਸਮਾਜ-ਸਭਿਆਚਾਰਕ ਚੌਗਿਰਦੇ ਵਿਚੋਂ ਪ੍ਰਾਪਤ ਹੋਏ ਅਨੁਭਵਾਂ ਅਤੇ ਹੱਡੀਂ-ਹੰਢਾਏ ਜੀਵਨ-ਯਥਾਰਥ ਦੇ ਆਂਤਰਿਕ ਵਿਵੇਕ ਵਜੋਂ ਆਪਣੀ ਪਛਾਣ ਸਥਾਪਤ ਕਰਦੀਆਂ ਹਨ।

ਲਖਵਿੰਦਰ ਜੌਹਲ ਪਿਛਲੇ ਲਗਪਗ ਤਿੰਨ ਦਹਾਕਿਆਂ ਤੋਂ ਨਿਰੰਤਰ ਕਾਵਿ-ਸਿਰਜਣਾ ਜ਼ਰੀਏ ਜਿਥੇ ਸਮਕਾਲੀ ਜੀਵਨ-ਯਥਾਰਥ ਦੇ ਬਹੁ-ਭਿੰਨ ਪਾਸਾਰਾਂ ਅਤੇ ਸਰੋਕਾਰਾਂ ਨੂੰ ਮੁਖਾਤਿਬ ਹੁੰਦਾ ਰਿਹਾ ਹੈ ਉੱਥੇ ਪੰਜਾਬੀ ਸਮਾਜ ਦੇ ਸਮੱਸਿਆਕਾਰਾਂ ਦੀ ਪਛਾਣ ਲਈ ਚਿੰਤਨ-ਦ੍ਰਿਸ਼ਟੀ ਦਾ ਹਾਮੀ ਵੀ ਬਣਿਆ ਰਿਹਾ ਹੈ। ਇਸ ਕਰਕੇ ਇਹਨਾਂ ਕਵਿਤਾਵਾਂ ਨੂੰ ਵਿਭਿੰਨ ਵਿਸ਼ਿਆਂ ਦੀਆਂ ਕੋਟੀਆਂ ਵਿਚ ਰੱਖ ਕੇ ਨਹੀਂ ਸਗੋਂ ਕਵੀ ਦੇ ਅਸਤਿਤਵੀ ਪਾਸਾਰਾਂ ਵਜੋਂ ਗ੍ਰਹਿਣ ਕਰਕੇ ਵਧੇਰੀ ਪੁਖ਼ਤਗੀ ਨਾਲ ਸਮਝਿਆ ਜਾ ਸਕਦਾ ਹੈ, ਕਿਉਂਕਿ 'ਨਿਰੰਤਰ ਲਿਖਣ ਵਾਲੇ ਕਵੀ ਲਈ ਕਵਿਤਾ ਵਿਸ਼ਾ ਨਹੀਂ ਰਹਿ ਜਾਂਦੀ, ਵਿਅਕਤਿੱਤਵ ਬਣ ਜਾਂਦੀ ਹੈ। ਅਭਿਵਿਅਕਤੀ ਨਹੀਂ ਰਹਿ ਜਾਂਦੀ, ਅਸਤਿਤਵ ਬਣ ਜਾਂਦੀ ਹੈ। ਕਵੀ ਕਵਿਤਾ ਨਹੀਂ ਆਪਣੇ ਆਪ ਨੂੰ ਲਿਖਣ ਲਗਦੈ। ਕਵਿਤਾ ਲਿਖਣ ਤੋਂ ਪਹਿਲਾਂ ਕਵੀ ਨੂੰ ਆਪਣਾ ਆਪ ਸਿਰਜਣਾ ਪੈਂਦਾ ਤਾਂ ਕਿ ਉਹ ਕਵਿਤਾ ਸਿਰਜਣ ਦੇ ਲਾਇਕ ਹੋ ਸਕੇ।'[1] ਜ਼ਾਹਿਰ ਹੈ, ਕਵਿਤਾ ਸਿਰਜਣ ਤੋਂ ਪਹਿਲਾਂ ਕਵੀ ਨੂੰ ਪ੍ਰਾਪਤ ਅਨੁਭਵਾਂ ਅਤੇ ਵਿਚਾਰਾਂ ਨੂੰ ਆਤਮਸਾਤ ਕਰਨਾ ਪੈਂਦਾ ਹੈ, ਆਪਣੇ ਅਸਤਿਤਵ ਦਾ ਅੰਗ ਬਣਾਉਣਾ ਪੈਂਦਾ ਹੈ ਤੇ ਫਿਰ ਕਲਾਤਮਿਕ ਦ੍ਰਿਸ਼ਟੀ ਤੋਂ ਉਹਨਾਂ ਨੂੰ ਕਾਵਿ-ਬਿੰਬਾਂ ਵਿਚ ਢਾਲਣਾ ਪੈਂਦਾ ਹੈ। ਇਸ ਪ੍ਰਸੰਗ ਵਿਚ ਲਖਵਿੰਦਰ ਜੌਹਲ ਦੀ ਆਪਣੀ ਕਾਵਿ ਸਿਰਜਣਾ ਬਾਰੇ ਇਹ ਧਾਰਨਾ ਧਿਆਨ ਦੀ ਮੰਗ ਕਰਦੀ ਹੈ ਕਿ ਕਵਿਤਾ ਮੇਰੇ ਰੋਮ-ਰੋਮ ਵਿਚ ਹੈ। ਮੇਰੀ ਰਗ ਰਗ ਵਿਚ। ਮੇਰੇ ਲਹੂ ਦੀ ਲਿਲਕ ਵੀ ਕਵਿਤਾ ਹੈ



**ਡਾ. ਹਰਜਿੰਦਰ ਸਿੰਘ**
ਪੰਜਾਬੀ ਅਤੇ ਡੋਗਰੀ ਵਿਭਾਗ
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ,
ਧਰਮਸ਼ਾਲਾ।
ਮੋਬ. ਨੰ: 94638 35412

ਅਤੇ ਲਲਕਾਰ ਵੀ ਕਵਿਤਾ। ਇਹ ਮੇਰੇ ਅੰਦਰ ਖੌਲਦੀ ਹੈ। ਸ਼ੂਕਦੇ ਸਾਗਰ ਦੀ ਤਰ੍ਹਾਂ।... ਇਹ ਕਵਿਤਾ ਕਦੇ ਮੈਨੂੰ ਸਕੂਨ ਦਿੰਦੀ ਹੈ ਅਤੇ ਕਦੇ ਭਟਕਣ। ਲਗਾਤਾਰ ਚਲ ਰਿਹਾ ਹੈ ਇਹ ਸਿਲਸਿਲਾਸ਼ ਮੇਰੀ ਭੁੱਖ ਮੇਰੇ ਦੁੱਖ, ਮੇਰੀਆਂ ਕਮਜ਼ੋਰੀਆਂ ਅਤੇ ਮੇਰੇ ਅੰਤਰੀਵ ਵਿਚ ਜਾਗਦੀ ਮੇਰੀ ਜ਼ਮੀਰ ਮੇਰੀ ਕਵਿਤਾ ਦਾ ਸੱਚ ਹੈ। ਇਸ ਸੱਚ ਨੂੰ ਸਵੈ ਅਤੇ ਸਮਾਜ ਨਾਲ ਮੇਚ ਕੇ ਵੇਖਣਾ, ਸ਼ਬਦਾਂ ਅਤੇ ਸੰਕਲਪਾਂ ਵਿਚੋਂ ਕਾਵਿ-ਸੁਹਜ ਨੂੰ ਜਗਾਉਣ ਦਾ ਯਤਨ ਕਰਨਾ ਮੇਰਾ ਸਹਿਜ ਸੁਭਾਅ ਹੈ। ਇਹ ਕੋਈ ਆਵੇਸ਼ ਨਹੀਂ ਹੈ। ਪਰ ਇਹ ਆਪ ਮੁਹਾਰਾ ਮੁਹਾਣ ਹੈ। ਅਚੇਤ ਅਤੇ ਸੁਚੇਤ ਦਾ ਸਹਿਜ ਸੁਮੇਲ।"[2] ਸਪੱਸ਼ਟ ਹੈ, ਕਵੀ ਲਈ ਕਾਵਿ ਸਿਰਜਣਾ ਮਹਿਜ ਚਿਹਨਾਂ ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਤੇ ਭਾਸ਼ਾ-ਸ਼ਕਤੀਆਂ ਰਾਹੀਂ ਸੁਹਜ ਪੈਦਾ ਕਰਨਾ ਨਹੀਂ ਹੈ ਸਗੋਂ ਅਜੋਕੇ ਸਾਧਾਰਨ ਮਨੁੱਖ ਨੂੰ ਦਰਪੇਸ਼ ਸੰਕਟਾਂ/ਸਮੱਸਿਆਵਾਂ ਨੂੰ ਪੈਦਾ ਕਰਨ ਵਾਲੀਆਂ ਸਮਾਜ ਦੋਖੀ ਸੁਚੇਤ ਧਿਰਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਪ੍ਰਤੀ ਲੋਕਾਈ ਨੂੰ ਸੁਚੇਤ ਕਰਨਾ ਹੈ। ਅਜਿਹਾ ਸੁਚੇਤ ਕਾਰਜ ਕੋਈ ਸਾਧਾਰਨ ਕਵੀ ਨਹੀਂ ਸਗੋਂ ਸੁਚੇਤ ਕਵੀ ਹੀ ਕਰ ਸਕਦਾ ਹੈ। "ਕਵੀ ਅਤੇ ਸੁਚੇਤ ਕਵੀ ਵਿਚ ਅੰਤਰ ਕੇਵਲ ਇਤਨਾ ਹੀ ਹੈ ਕਿ ਉਹਦੀ ਸਾਹਿਤ-ਚੇਤਨਾ ਅਤੇ ਸਮਾਜ-ਚੇਤਨਾ ਇਕ ਸੰਯੁਕਤ ਸ਼ਕਤੀ ਵਾਂਗ ਕੰਮ ਕਰਦੀਆਂ ਹਨ। ਜਿਥੇ ਕਵੀ ਆਪਣੀ ਸਾਰੀ ਸ਼ਕਤੀ ਸੁਹਜ-ਸਿਰਜਣਾ ਦੇ ਲੇਖੇ ਲਾ ਦਿੰਦਾ ਹੈ ਉਥੇ ਸੁਚੇਤ ਕਵੀ ਆਪਣੀ ਰਚਨਾ ਨੂੰ ਸਮਾਜ ਦੇ ਦੁੱਖ-ਸੁੱਖ ਨਾਲ ਜੋੜੀ ਰੱਖਦਾ ਹੈ।",[3] ਇਉਂ ਸੁਚੇਤ ਕਵੀ ਸਾਹਿਤ-ਚੇਤਨਾ ਅਤੇ ਸਮਾਜ-ਚੇਤਨਾ ਦੇ ਅੰਤਰ-ਸੰਵਾਦ ਵਿਚੋਂ ਪੈਦਾ ਹੋਏ ਵਿਵੇਕ ਦੇ ਅੰਤਰਗਤ ਜਿਥੇ ਕਾਵਿ-ਸੁਹਜ ਜ਼ਰੀਏ ਕਲਾਤਮਿਕ ਆਭਾਮੰਡਲ ਸਿਰਜਦਾ ਹੈ ਉਥੇ ਸਮਾਜਿਕ-ਸਰੋਕਾਰਾਂ ਨੂੰ ਕਾਵਿ-ਵਸਤੂ ਵਜੋਂ ਗ੍ਰਹਿਣ ਕਰਕੇ ਕਾਵਿ ਦੀ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਨਿਭਾ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਲਖਵਿੰਦਰ ਜੌਹਲ ਸੁਚੇਤ ਕਵੀ ਵਜੋਂ ਆਪਣੀ ਪਛਾਣ ਸਥਾਪਤ ਕਰਦਾ ਹੈ, ਜਿਸਦੀ ਗਵਾਹੀ ਨਾ-ਕੇਵਲ ਉਸ ਦਾ ਹੱਥਲਾ ਕਾਵਿ-ਸੰਗ੍ਰਹਿ ਸਗੋਂ ਉਸ ਦਾ ਸਮੁੱਚਾ ਕਾਵਿ-ਜਗਤ ਭਰਦਾ ਹੈ।

'ਪਾਣੀ ਹੋਏ ਵਿਚਾਰ' ਕਾਵਿ-ਸੰਗ੍ਰਹਿ ਵਿਚ ਵੱਖ-ਵੱਖ ਕਾਵਿ-ਰੂਪਾਂ ਅਤੇ ਵਿਧੀਆਂ ਦੇ ਅੰਤਰਗਤ ਰਚੀਆਂ ਚੁਰੰਜਾ ਕਾਵਿ-ਰਚਨਾਵਾਂ ਅਤੇ ਇਕ ਕਾਵਿ-ਨਾਟ 'ਵੰਝਲੀ' ਨੂੰ ਸ਼ਾਮਲ ਕੀਤਾ ਗਿਆ ਹੈ। ਕਾਵਿ-ਨਾਟ 'ਵੰਝਲੀ' ਨੂੰ ਛੱਡ ਕੇ ਇਹ ਲਗਪਗ ਸਾਰੀਆਂ ਕਵਿਤਾਵਾਂ ਪਿਛਲੇ ਦੋ ਸਾਲਾਂ ਦੇ ਬਨਵਾਸੇ ਸਮੇਂ ਦੇ ਜੀਵਨ-ਯਥਾਰਥ ਨੂੰ ਵਿਭਿੰਨ ਕੋਣਾਂ ਅਤੇ ਦ੍ਰਿਸ਼ਟੀਆਂ ਤੋਂ ਪ੍ਰਸਤੁਤ ਕਰਦੀਆਂ ਹਨ ਜਿਸ ਵਿਚ ਕਰੋਨਾ ਵਾਇਰਸ ਦੀ ਦਹਿਸ਼ਤ ਸਾਰੇ ਵਿਸ਼ਵ ਨੂੰ ਆਪਣੀ ਗਰਿਫ਼ਤ ਵਿਚ ਲੈ ਲੈਂਦੀ ਹੈ। ਕਾਵਿ-ਨਾਟ 'ਵੰਝਲੀ' ਵਿਚ ਕਵੀ ਨੇ ਸਾਂਝੇ ਪੰਜਾਬ ਦੀਆਂ ਪ੍ਰਕਿਰਤਕ ਖ਼ੂਬਸੂਰਤੀਆਂ ਅਤੇ ਵਿਭਿੰਨ ਧਰਮਾਂ ਅਤੇ ਜਾਤੀਆਂ ਦੀਆਂ ਆਪਸੀ ਭਾਈਚਾਰਕ ਸਾਂਝਾਂ ਨੂੰ ਪਿੱਠ-ਭੂਮੀ ਵਿਚ ਰੱਖ ਕੇ ਸਮੇਂ-ਸਮੇਂ 'ਤੇ ਰਾਜਸੀ ਮੁਫ਼ਾਦਾਂ ਕਰਕੇ ਪੈਂਦੀਆਂ ਪੰਜਾਬ ਦੀਆਂ ਵੰਡੀਆਂ ਅਤੇ ਹੁੰਦੀ ਕਤਲੋਗਾਰਤ ਨੂੰ ਨਵੀਂ ਵਿਧੀ ਅਤੇ ਦ੍ਰਿਸ਼ਟੀ ਤੋਂ ਚਿਤਰਿਆ ਹੈ। ਇਹ ਕਾਵਿ-ਨਾਟ ਰੰਗਲੇ ਵਿਰਾਸਤੀ ਪੰਜਾਬ ਤੋਂ ਲੈ ਅਜੋਕੇ ਉਜੜਦੇ ਪੰਜਾਬ ਦੇ ਯਥਾਰਥਕ ਵੇਰਵਿਆਂ ਨੂੰ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਵਿਧੀ ਅਤੇ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਪਿਛਲੇ ਦੋ ਸਾਲਾਂ ਦੌਰਾਨ ਕਰੋਨਾ ਮਹਾਮਾਰੀ ਕਾਰਨ ਪੈਦਾ ਹੋਈਆਂ ਅਤਿ-ਸੰਕਟਸ਼ੀਲ ਸਥਿਤੀਆਂ/ਪਰਸਥਿਤੀਆਂ ਨੂੰ ਵਿਭਿੰਨ ਕੋਣਾਂ ਤੋਂ ਪ੍ਰਸਤੁਤ ਕਰਦੀਆਂ ਹਨ। ਲਖਵਿੰਦਰ ਜੌਹਲ ਇਸ ਪੁਸਤਕ ਦੇ ਆਰੰਭ ਵਿਚ ਲਿਖਦਾ ਹੈ ਕਿ ਪਿਛਲੇ ਲਗਭਗ ਦੋ ਸਾਲਾਂ ਦਾ ਸਮਾਂ ਮਨੁੱਖਤਾ ਦੇ ਇਤਿਹਾਸ ਦਾ ਉਹ ਸਮਾਂ ਹੈ, ਜਦੋਂ ਕਰੋਨਾ ਵਾਇਰਸ ਦੀ ਦਹਿਸ਼ਤ ਨੇ ਸਦੀਆਂ ਤੋਂ ਚੱਲੇ ਆ ਰਹੇ ਮਾਨਵੀ ਵਿਸ਼ਵਾਸ਼ਾ, ਸੋਚਣ ਦੇ ਢੰਗਾਂ ਅਤੇ ਕਦਰਾਂ-ਕੀਮਤਾਂ ਨੂੰ ਬਦਲ ਕੇ ਰੱਖ ਦਿੱਤਾ ਹੈ।... ਕਰੋਨਾ ਕਾਲ ਅਤੇ ਕਿਸਾਨ ਅੰਦੋਲਨ ਨਾਲ ਨਿਰਸੰਦੇਹ ਕੋਮਲ ਕਲਾਵਾਂ ਅਤੇ ਸਾਹਿਤ ਸਿਰਜਨਾਵਾਂ ਦੀ ਪ੍ਰਕਿਰਤੀ ਨੂੰ ਵੀ ਨਵਾਂ ਅੰਦਾਜ਼ ਮਿਲਿਆ।... ਸਾਹਮਣੇ ਦਿਸਦੀ ਮੌਤ ਦੇ ਮੌਸਮ ਵਿਚ ਵੀ ਰਾਜਨੀਤੀ ਦੇ ਦਮਗਜੇ ਬਾਦਸਤੂਰ ਜਾਰੀ ਰਹੇ ਹਨ। ਕੁਦਰਤ ਦੇ ਕਹਿਰਾਂ ਅਤੇ ਸੱਤਾ ਦੇ ਸਿਤਮਾਂ ਦੇ ਕਾਵਿ-ਰੂਪਾਂਤਰਣ ਇਸ ਦੌਰ ਦਾ ਨਿਵੇਕਲਾ ਹਾਸਿਲ

ਹਨ।... ਮੇਰੀ ਕਾਵਿਕ ਅੱਖ ਨੇ ਆਪਣੇ ਆਲੇ-ਦੁਆਲੇ ਜੋ ਕੁਝ ਵੇਖਿਆ, ਉਸ ਨੂੰ ਆਤਮਸਾਤ ਕਰਕੇ, ਆਪਣੇ ਸਾਹਾਂ ਵਿਚ ਸਮੋ ਕੇ, ਸਿਰਜਣਾ ਦੀ ਸਰਗਮ ਵਿਚ ਢਾਲਣ ਅਤੇ ਹੁਣ ਇਸ ਸਰਗਮ ਨੂੰ ਸ਼ਬਦਾਂ ਰਾਹੀਂ ਕਾਗਜ਼ ਉੱਤੇ ਉਤਾਰ ਕੇ ਤੁਹਾਡੇ ਸਨਮੁੱਖ ਕਰਨ ਦਾ ਯਤਨ ਕੀਤਾ ਹੈ।'ਪਾਣੀ ਹੋਏ ਵਿਚਾਰ, ਇਨ੍ਹਾਂ ਕਹਿਰਾਂ ਅਤੇ ਸਿਤਮਾਂ ਦੀ ਕਹਾਣੀ ਹੈ।' ਸਪੱਸ਼ਟ ਹੈ, ਇਹ ਕਾਵਿ-ਸੰਗ੍ਰਹਿ ਪਿਛਲੇ ਦੋ ਸਾਲਾਂ ਵਿਚ ਕਰੋਨਾ ਮਹਾਮਾਰੀ ਦੇ ਰੂਪ ਵਿਚ ਵਾਪਰੇ ਕੁਦਰਤ ਦੇ ਕਹਿਰਾਂ ਅਤੇ ਆਪਣੀ ਸਮਾਜਿਕ ਤੇ ਨੈਤਿਕ ਜ਼ਿੰਮੇਵਾਰੀ ਤੋਂ ਬੇਮੁਖ ਹੋਈਆਂ ਸੱਤਾਵਾਨ ਧਿਰਾਂ ਵੱਲੋਂ ਕੀਤੇ ਸਿਤਮਾਂ ਦੇ ਯਥਾਰਥਕ ਵੇਰਵਿਆਂ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦਾ ਹੈ। ਕਰੋਨਾ ਕਾਲ ਦੀਆਂ ਬਨਵਾਸੀਆਂ ਸਥਿਤੀਆਂ/ਪਰਸਥਿਤੀਆਂ ਵਿਚ ਆਮ ਲੋਕਾਈ ਦੇ ਨਾਲ-ਨਾਲ ਸਾਹਿਤ ਤੇ ਹੋਰ ਕਲਾਵਾਂ ਵੀ ਸੰਕਟਸ਼ੀਲ ਸਥਿਤੀਆਂ ਵਿਚੋਂ ਗੁਜ਼ਰਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਕਾਵਿ-ਰਚਨਾ 'ਕਰਫਿਊ ਕਵਿਤਾ' ਕਰੋਨਾ ਕਾਲ ਵਿਚ ਕਾਵਿ-ਸਿਰਜਨਾ ਲਈ ਕਰਫਿਊ ਵਰਗੀ ਸਥਿਤੀ ਨੂੰ ਕਾਵਿ-ਸੁਹਜ ਵਿਚ ਢਾਲ ਕੇ ਇਉਂ ਪ੍ਰਸਤੁਤ ਕਰਦੀ ਹੈ:

ਬਹੁਤ ਮੁਸ਼ਕਿਲ 'ਚ ਹੈ ਕਵਿਤਾ
ਕਰਫਿਊ ਦੇ ਦਿਨਾਂ ਵਿਚ

ਦਿਲਾਂ ਦੀ ਮਰਘਟ ਵਿੱਚ
ਦਫ਼ਨ ਹੋ ਰਹੇ ਸੁਪਨੇ
ਦੀਵਾਰਾਂ 'ਚ ਵੱਜ ਵੱਜ
ਖਿੰਡ ਰਹੇ ਕਲਪਨਾ ਦੇ ਖੰਭ
ਮਨਾ ਦੇ ਮਹਿਲਾਂ 'ਚ
ਮੌਤ ਦਾ ਸਾਇਆ
ਸਹਿਮ ਗਈ ਹੈ
ਸੁਪਨਿਆਂ ਦੀ ਸਰਗਮ
ਮੌਤ ਦੇ ਮੌਸਮ 'ਚ
ਮਹਿਕਦੀਆਂ ਫੁੱਲ-ਪੱਤੀਆਂ
ਨਜ਼ਰ ਦੇ ਰਾਹਾਂ ਨੂੰ
ਨਹੀਂ ਸਜਾਉਂਦੀਆਂ ਅੱਜਕਲ੍ਹ
ਬਹੁਤ ਮੁਸ਼ਕਿਲ ਹੋ ਰਿਹਾ ਹੈ
ਦੌੜਨਾ
ਦਰਦਾਂ ਦੀ ਦਲਦਲ 'ਚ
ਦਹਿਲਦੇ ਦਿਲ ਲੈ ਕੇ ...          *(ਕਰਫਿਊ ਕਵਿਤਾ, ਪਾਣੀ ਹੋਏ ਵਿਚਾਰ, ਪੰਨਾ 9-10)*

ਇਹ ਅਜਿਹਾ ਕੁਲਹਿਣਾ ਸਮਾਂ ਸੀ ਜਿਸ ਵਿਚ ਕਵੀ ਨੂੰ ਉਸ ਦੁਆਲੇ ਬਿਖਰੇ-ਕੁਦਰਤੀ ਨਜ਼ਾਰੇ ਕਾਵਿ-ਸਿਰਜਣਾ ਲਈ ਪ੍ਰੇਰਿਤ ਨਹੀਂ ਕਰਦੇ ਸਗੋਂ ਕਰੋਨਾ ਮਹਾਮਾਰੀ ਵੱਲੋਂ ਪੈਦਾ ਕੀਤੇ ਮੌਤ ਦੇ ਮੌਸਮ ਨੇ ਦਰਦਾਂ ਦੀ ਅਜਿਹੀ ਦਲਦਲ ਪੈਦਾ ਕਰ ਦਿੱਤੀ ਕਿ ਜਿਸ ਵਿਚ ਜਿਉਂਦੇ ਰਹਿਣ ਲਈ ਦਹਿਲਦੇ ਦਿਲ ਲੈ ਕੇ ਦੌੜਨ ਦਾ ਫਿਕਰ ਬੰਦੇ ਦੇ ਦੁਆਲੇ ਅੰਬਰਵੇਲ ਵਾਂਗ ਲਿਪਟ ਜਾਂਦਾ ਹੈ। ਬੰਦਾ ਘਰ ਦੀ ਚਾਰ-ਦਿਵਾਰੀ ਅੰਦਰ ਮੌਤ

ਦੇ ਸਾਏ ਹੇਠ ਦਿਨ ਕਟੀ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ ਤੇ ਅਜਿਹੀ ਸੰਕਟਸ਼ੀਲ ਸਥਿਤੀ ਵਿਚ ਘਰ ਵੀ ਘਰ ਨਹੀਂ ਸਗੋਂ ਕੋਈ ਬੀਆਬਾਨ ਲਗਦਾ ਹੈ। ਅਜਿਹੀਆਂ ਸੰਕਟਗ੍ਰਸਤ ਸਥਿਤੀਆਂ ਵਿਚ ਸਮਾਜਿਕ ਤੇ ਸਭਿਆਚਾਰਕ ਪ੍ਰਬੰਧਾਂ ਅਤੇ ਸੱਤਾਧਾਰੀ ਧਿਰਾਂ ਵੱਲੋਂ ਅਤਿ-ਆਧੁਨਿਕ ਸਿਹਤ-ਸਹੂਲਤਾਂ ਦੇ ਮਾਰੇ ਜਾਂਦੇ ਦਮਗਜੇ ਜਦੋਂ ਸਿਰ ਪਰਨੇ ਡਿੱਗ ਪੈਂਦੇ ਹਨ ਤਾਂ ਸਾਧਾਰਨ ਬੰਦਾ ਵੀ ਅੱਖਾਂ ਸਾਹਮਣੇ ਪੈਦਾ ਹੋਏ ਮੌਤ ਦੇ ਮੰਜ਼ਰ ਨੂੰ ਦੇਖ ਕੇ ਤ੍ਰੈਅ ਜਾਂਦਾ ਹੈ।ਅਜਿਹੀ ਯਥਾਰਥਕ ਸਥਿਤੀ ਨੂੰ 'ਮਨ ਡੋਲ ਗਿਆ' ਕਵਿਤਾ ਮਾਰਮਕ ਰੂਪ ਵਿਚ ਪ੍ਰਸਤੁਤ ਕਰਦੀ ਹੈ:

ਕਾਲ ਕਰੋਨਾ ਚੜ੍ਹ ਕੇ ਆਇਆ, ਕਿੰਨੀਆਂ ਜਿੰਦਾਂ ਰੋਲ ਗਿਆ
ਦੁਨੀਆਂ ਦੇ ਪ੍ਰਬੰਧਾਂ ਵਾਲੇ, ਸਾਰੇ ਪਰਦੇ ਫੋਲ ਗਿਆ।
ਆਫ਼ਤ ਦੇ ਅਸਮਾਨੋਂ ਲੱਥਾ, ਕਾਲਾ ਦੈਂਤ ਬੇਕਾਰੀ ਦਾ,
ਰੋਟੀ ਮੰਗਦੇ ਢਿਡਾਂ ਅੰਦਰ, ਭੁੱਖ ਦਾ ਖੰਜਰ ਖੋਭ ਗਿਆ।
ਅੱਖਾਂ ਦੇ ਅਸਮਾਨ 'ਚ ਡੁੱਬੀ, ਹਿਰਸ ਸਵੇਰਾ ਵੇਖਣ ਦੀ,
ਤੇਰੀ ਅੱਖ 'ਚੋਂ ਡਿੱਗਿਆ ਹੰਝੂ, ਮੇਰਾ ਵੀ ਮਨ ਡੋਲ ਗਿਆ।

(ਮਨ ਡੋਲ ਗਿਆ, ਉਹੀ, ਪੰਨਾ 18)

ਜ਼ਾਹਿਰ ਹੈ, ਕਰੋਨਾ ਕਾਲ ਵਿਚ ਜਿਥੇ ਸੱਤਾਵਾਨ ਧਿਰਾਂ ਦੇ ਮਾੜੇ ਪ੍ਰਬੰਧਾਂ ਕਾਰਨ ਲੱਖਾਂ ਲੋਕਾਂ ਨੂੰ ਆਪਣੀਆਂ ਕੀਮਤੀ ਜਾਨਾਂ ਗਵਾਉਣੀਆਂ ਪਈਆਂ ਉੱਥੇ ਕਰੋਨਾ ਮਹਾਮਾਰੀ ਕਾਰਨ ਹੁੰਦੀਆਂ ਮੌਤਾਂ ਨੇ ਬੰਦੇ ਅੰਦਰ ਅਜਿਹਾ ਸਹਿਮ ਪੈਦਾ ਕੀਤਾ ਕਿ ਬੰਦਾ ਆਪਣੇ ਅਤਿ-ਨਜ਼ਦੀਕੀ ਰਿਸ਼ਤਿਆਂ ਤੋਂ ਨਾ-ਕੇਵਲ ਬੇਮੁਖ ਹੁੰਦਾ ਹੈ ਸਗੋਂ ਉਸ ਦੇ ਅੰਦਰੋਂ ਮਾਨਵੀ ਸੰਵੇਦਨਾ ਹੀ ਦਮ ਤੋੜ ਜਾਂਦੀ ਹੈ ਤੇ ਉਹ ਨਿੱਜ ਤੋਂ ਪਰ੍ਹਾਂ ਸੋਚਣਾ ਹੀ ਵਿਸਾਰ ਦਿੰਦਾ ਹੈ। ਇਹੋ ਵਜ੍ਹਾ ਹੈ ਕਿ ਕਰੋਨਾ ਮਹਾਮਾਰੀ ਨਾਲ ਅਤਿ-ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਹੁੰਦੀਆਂ ਮੌਤਾਂ ਉਪਰੰਤ ਉਨ੍ਹਾਂ ਦੀਆਂ ਮਿਰਤਕ ਦੇਹਾਂ ਨੂੰ ਕਿਉਂਟਣ ਤੋਂ ਉਨ੍ਹਾਂ ਦੇ ਆਪਣਿਆਂ ਨੇ ਵੀ ਮੂੰਹ ਫੇਰ ਲਏ। ਅਜਿਹੀ ਯਥਾਰਥਕ ਸਥਿਤੀ ਨੂੰ 'ਪਾਣੀ ਹੋਏ ਵਿਚਾਰ', 'ਚਮਕੂ ਫੇਰ ਟਟਹਿਣਾ' ਤੇ 'ਖ਼ੂਨ ਪਾਰਾ ਹੋ ਗਿਆ' ਕਵਿਤਾਵਾਂ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕਰਦੀਆਂ ਹਨ। ਪ੍ਰਮਾਣ ਵਜੋਂ ਇਨ੍ਹਾਂ ਕਵਿਤਾਵਾਂ ਦੀਆਂ ਨਿਮਨਲਿਖਤ ਕਾਵਿ-ਸਤਰਾਂ ਕ੍ਰਮਵਾਰ ਪੜ੍ਹੀਆਂ ਜਾ ਸਕਦੀਆਂ ਹਨ:

ੳ). ਰਿਸ਼ਤੇ-ਨਾਤੇ ਮਿੱਟੀ ਹੋ ਗਏ
ਪਾਣੀ ਹੋਏ ਵਿਚਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਕਿੱਤ ਕਰੀਏ ਇਤਬਾਰ
ਸੋਚਾਂ ਸੀਤ ਸਮੁੰਦਰ ਹੋਈਆਂ
ਤੁਰੇ ਕਾਫ਼ਲੇ ਕੋਹਾਂ ਤੀਕਰ
ਪਰ ਨਾ ਮੁੱਕੀਆਂ ਵਾਟਾਂ
ਨਫ਼ਰਤ, ਜ਼ਹਿਰ, ਕੁੜੱਤਣ, ਹਉਮੈ
ਡੰਗਣ ਵਾ-ਰਮ-ਵਾਰ
ਸਾਰੀ ਮਿਸ਼ਰੀ ਮਿਰਚਾਂ ਹੋ ਗਈ
ਪਾਣੀ ਹੋਏ ਵਿਚਾਰ....

(ਪਾਣੀ ਹੋਏ ਵਿਚਾਰ, ਪੰਨਾ 11)

ਅ). ਆਟਾ ਦਾਲਾਂ ਸੁਪਨਾ ਹੋ ਗਏ, ਚੁੱਲਾ ਭਾਂ ਭਾਂ ਕਰਦਾ,
ਪੇਟ ਪੁਕਾਰੇ ਰੋਟੀ ਰੋਟੀ, ਸੁਣਦਾ ਕੌਣ ਕੁਲਹਿਣਾ।
ਦੂਰੋਂ-ਦੂਰੋਂ ਕਰਨ ਸਲਾਮਾਂ, ਜਿਗਰੀ ਯਾਰ-ਸਕੇਰੇ,
ਮਾਣ-ਤਾਣ ਦਾ ਝੂਠ ਮੁਲੰਮਾ ਏਦਾਂ ਹੀ ਸੀ ਲਹਿਣਾ। (ਚਮਕੂ ਫੇਰ ਟਟਹਿਣਾ, ਪੰਨਾ 19)

ੲ). ਆਦਮੀ ਕਿੰਨਾ ਵਿਚਾਰਾਂ ਹੋ ਗਿਆ
ਸੁੰਨ ਸੋਚਾਂ, ਖੂਨ ਪਾਰਾ ਹੋ ਗਿਆ
ਸਿਮਟ ਗਈਆਂ ਸਾਰੀਆਂ ਲੋੜਾਂ ਕਿਵੇਂ ?
ਜੀਣ ਦਾ ਮਤਲਬ ਗੁਜ਼ਾਰਾ ਹੋ ਗਿਆ। (ਖੂਨ ਪਾਰਾ ਹੋ ਗਿਆ, ਪੰਨਾ 41)

ਕਵੀ ਕਰੋਨਾ ਮਹਾਮਾਰੀ ਦੇ ਦੌਰ ਵਿਚ ਪੈਦਾ ਹੋਈਆਂ ਸਥਿਤੀਆਂ/ਪਰਸਥਿਤੀਆਂ ਵਿਚਲੇ ਯਥਾਰਥ ਨੂੰ ਕਾਵਿਕ ਅਭਿਵਿਅਕਤੀ ਹੀ ਨਹੀਂ ਦਿੰਦਾ ਸਗੋਂ ਇਹਨਾਂ ਸਥਿਤੀਆਂ/ਪਰਸਥਿਤੀਆਂ ਨੂੰ ਪੈਦਾ ਕਰਨ ਵਿਚ ਮਨੁੱਖ ਨੂੰ ਹੀ ਸਭ ਤੋਂ ਵੱਡੇ ਕਾਰਕ ਵਜੋਂ ਤਸਲੀਮ ਕਰਦਾ ਹੈ। ਅਸਲ ਵਿਚ "ਪੂੰਜੀ ਦੇ ਪਾਸਾਰ ਨੇ ਵਿਅਕਤੀ ਦੇ ਜ਼ਿਹਨੀ ਮੰਡਲ ਉਪਰ ਅਜਿਹੀ ਕੁੰਡਲੀ ਮਾਰੀ ਹੈ ਕਿ ਹਰ ਬਸ਼ਰ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਭੁਲਾ ਕੇ ਪੂੰਜੀ ਦੇ ਇੱਕਤਰੀਕਰਨ ਵੱਲ ਅੰਨ੍ਹੇਵਾਹ ਦੌੜ ਰਿਹਾ ਹੈ। ਅੱਜ ਦੇ ਮਨੁੱਖ 'ਚੋਂ ਸਮਾਜ, ਵਿਚਾਰਧਾਰਾ, ਚਿੰਤਨ-ਚੇਤਨਾ, ਪ੍ਰਕਿਰਤੀ ਅਤੇ ਮਾਨਵੀ ਸਰੋਕਾਰ ਦਿਨ-ਬ-ਦਿਨ ਮਨਫ਼ੀ ਹੁੰਦੇ ਜਾ ਰਹੇ ਹਨ। ਵਸਤਾਂ ਤੋਂ ਅਰੰਭ ਹੋਏ ਖ਼ਪਤ ਸਭਿਆਚਾਰ ਦੇ ਇਸ ਪ੍ਰਪੰਚ ਨੇ ਮਨੁੱਖ ਦੇ ਹਰ ਰਿਸ਼ਤੇ ਅਤੇ ਕਾਰਜ ਨੂੰ ਆਪਣਾ ਅੰਗ ਬਣਾ ਲਿਆ ਹੈ। ਸਿੱਟੇ ਵਜੋਂ ਵਿਅਕਤੀ ਦਾ ਵਿਅਕਤੀਤਵ ਖੰਡਿਤ ਹੋ ਗਿਆ ਜਿਹੜਾ ਉਸ ਨੂੰ ਮਾਨਵੀ ਸਾਂਝ, ਗੁਣਾਂ ਤੇ ਕਾਰਜਾਂ ਤੋਂ ਦੂਰ ਕਰਕੇ ਉਪਭੋਗੀ ਸਭਿਆਚਾਰ ਦੀਆਂ ਵਿਡੰਬਨਾਮਈ ਜੀਵਨ ਪਰਿਪਾਟੀਆਂ ਵਿਚ ਜਿਉਣ ਲਈ ਉਤੇਜਿਤ ਕਰਦਾ ਹੈ।"[7] ਅਜਿਹੀਆਂ ਜੀਵਨ ਪਰਿਪਾਟੀਆਂ ਦੀ ਗਰਿਫ਼ਤ ਵਿਚ ਆਇਆ ਮਨੁੱਖ ਪ੍ਰਕਿਰਤਕ ਸਰੋਤਾਂ ਨੂੰ ਅੰਨ੍ਹੇਵਾਹ ਤਬਾਹ ਕਰ ਰਿਹਾ ਹੈ। ਕੁਦਰਤ ਦੀ ਤਬਾਹੀ ਹੀ ਹਥਲੇ ਕਾਵਿ ਵਿਚ ਮਨੁੱਖ ਦੀ ਤਬਾਹੀ ਦੇ ਚਿਹਨ ਵਜੋਂ ਕਾਰਜਸ਼ੀਲ ਨਜ਼ਰ ਆਉਂਦੀ ਹੈ। ਨਮੂਨੇ ਵਜੋਂ 'ਕੀ ਮਿਲਿਆ?', 'ਚਮਕੂ ਫੇਰ ਟਟਹਿਣਾ', 'ਮਾਲੀ ਨੇ ਪਛਤਾਉਣਾ ਹੈ, 'ਜ਼ਮੀਰਾਂ ਪਰਖਣ ਵਾਲੇ' ਆਦਿ ਕਵਿਤਾਵਾਂ ਨੂੰ ਪੜ੍ਹਿਆ ਜਾ ਸਕਦਾ ਹੈ:

ੳ) ਕੁਦਰਤ ਨਾਲ ਲੜਾਈਆਂ ਕਰ ਕੇ ਕੀ ਮਿਲਿਆ?
ਬਿਨਾ ਖੰਭਾਂ ਅਸਮਾਨੀ ਚੜ੍ਹ ਕੇ ਕੀ ਮਿਲਿਆ ?
ਮਨ 'ਚੋਂ ਉੱਠੀਆਂ 'ਵਾਜਾਂ ਕਰ ਕੇ ਅਣਸੁਣੀਆਂ
ਹੰਕਾਰਾਂ ਦਾ ਤਰਕਸ਼ ਭਰ ਕੇ ਕੀ ਮਿਲਿਆ ?
ਕਿਰਤ-ਕਮਾਈ ਵੰਡ ਛਕਾਈ, ਮੰਨੀ ਨਾ
ਪਾਪਾਂ ਨਾਲ ਤਿਜੋਰੀ ਭਰ ਕੇ, ਕੀ ਮਿਲਿਆ ?
ਤਰਸ ਗਿਐਂ ਹੁਣ ਮਿਲਣੋਂ ਭੈਣ-ਭਰਾਵਾਂ ਨੂੰ,
ਖ਼ੁਦ ਗ਼ਰਜ਼ੀ ਦੀ ਅੱਗ 'ਚ ਸੜ ਕੇ ਕੀ ਮਿਲਿਆ ?
ਕੋਰੇ-ਝੂਠ, ਮਕਾਰੀ, ਧੋਖੇ, ਕਪਟਾਂ ਦੇ
ਮੱਥੇ ਉਤੇ ਤਮਗੇ, ਜੜ ਕੇ ਕੀ ਮਿਲਿਆ?
(ਕੀ ਮਿਲਿਆ, ਪੰਨਾ 17)

ਅ) ਡੂੰਘੀ ਹੋਰ ਉਦਾਸੀ ਕਰਦਾ, ਘਰ ਵਿਚ ਬੈਠੇ ਰਹਿਣਾ,
ਓਹੀ ਚਿਹਰੇ, ਓਹੀ ਗੱਲਾਂ, ਓਹੀ ਸੁਣਨਾ-ਕਹਿਣਾ।
ਏਦਾਂ ਦੀ ਆਫ਼ਤ ਨਾ ਆਈ, ਸਦੀਆਂ ਨਜ਼ਰ ਦੌੜਾਈ,
ਆਖਰ ਕੁਦਰਤ ਬਦਲਾ ਲੈਂਦੀ, ਜੇ ਨਾ ਮੰਨੋ ਕਹਿਣਾ। (ਚਮਕੂ ਫੇਰ ਟਟਹਿਣਾ, ਪੰਨਾ 19)

ੲ) ਬਹੁਰਾ ਮਾਲੀ ਮੌਲੀ ਰੁਤੇ, ਬਾਗ਼ੀ ਕੰਡੇ ਬੀਜ਼ ਰਿਹੈ,
ਕੰਡੇ ਜਿੱਦਣ ਹਿੱਕ 'ਚ ਖੁੱਭੇ, ਮਾਲੀ ਨੇ ਪਛਤਾਉਣਾ ਹੈ।
ਮੋਹ-ਮਾਇਆ ਦੇ ਜਾਲ 'ਚ ਫਸ ਕੇ ਬੰਦਾ ਅਕਸਰ ਭੁੱਲ ਜਾਂਦੈ,
ਕੁਦਰਤ ਨੇ ਸਿਤਮਾਂ ਤੋਂ ਸਤ ਕੇ ਆਖ਼ਰ ਰੰਗ ਦਿਖਾਉਂਣਾ ਹੈ।
(ਮਾਲੀ ਨੇ ਪਛਤਾਉਣਾ ਹੈ, ਪੰਨਾ 28)

ਸ) ਮੁੱਦਤ ਪਿੱਛੋਂ ਮੋੜੀ ਭਾਜੀ ਕੁਦਰਤ ਨੇ,
ਅਕਲਾਂ 'ਤੇ ਫਿਰ ਪੈਂਦੇ ਪਰਦੇ ਵੇਖਾਂਗੇ। (ਜ਼ਮੀਰਾ ਪਰਖਣ ਵਾਲੇ, ਪੰਨਾ 36)

ਕਵੀ ਦੀ ਵਿਲੱਖਣਤਾ ਇਹ ਹੈ ਕਿ ਉਹ ਕਰੋਨਾ ਮਹਾਮਾਰੀ ਨਾਲ ਹੋਏ ਮਨੁੱਖੀ ਘਾਣ ਦੇ ਨਾਲ-ਨਾਲ ਜਿਥੇ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਖੁਰ ਰਹੀਆਂ ਕਦਰਾਂ-ਕੀਮਤਾਂ ਦੇ ਯਥਾਰਥਕ ਵੇਰਵਿਆਂ ਨੂੰ ਆਪਣੇ ਕਾਵਿ-ਪ੍ਰਵਚਨ ਵਿਚ ਢਾਲ ਕੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਦਾ ਹੈ ਉਥੇ ਇਹਨਾਂ ਸੰਕਟਸ਼ੀਲ ਸਥਿਤੀਆਂ ਨੂੰ ਸਿਰਜਣ ਵਿਚ ਮਨੁੱਖ ਦੀ ਮੁੱਖ ਭੂਮਿਕਾ ਨੂੰ ਰਜ਼ਿਸਟਰ ਕਰਦਾ ਹੋਇਆ ਇਸ ਮਹਾਮਾਰੀ ਤੋਂ ਡਰ ਕੇ ਨੈਤਿਕ ਕਦਰਾਂ ਦੇ ਧਾਰਨੀ ਮਾਨਵਵਾਦੀ ਮਨੁੱਖ ਬਣਨ ਲਈ ਤਾਕੀਦ ਵੀ ਕਰਦਾ ਹੈ। ਕਵੀ ਨੂੰ ਆਸ ਹੈ ਕਿ ਕਰੋਨਾ ਵਰਗੀਆਂ ਮਹਾਮਾਰੀਆਂ ਤੋਂ ਡਰ ਕੇ ਸ਼ਾਇਦ ਮਨੁੱਖ ਆਪਸੀ ਭਾਈਚਾਰੇ ਅਤੇ ਸਦਭਾਵਨਾ ਨਾਲ ਰਹਿਣਾ ਸ਼ੁਰੂ ਕਰ ਦੇਵੇਗਾ ਕਿਉਂਕਿ ਇਸ ਮਹਾਮਾਰੀ ਅੱਗੇ ਮਨੁੱਖ ਵੱਲੋਂ ਇੱਕਤਰ ਕੀਤੇ ਪਦਾਰਥਾਂ ਅਤੇ ਧਨ ਨੇ ਵੀ ਉਸ ਦੀ ਜਾਨ ਬਚਾਉਣ ਵਿਚ ਕੋਈ ਮਦਦ ਨਹੀਂ ਕੀਤੀ। ਕਵੀ ਦੀ ਲੋਚਾ ਹੈ ਕਿ ਮਨੁੱਖ ਇਨ੍ਹਾਂ ਕਹਿਰਾਂ ਤੋਂ ਡਰ ਕੇ ਜੇ ਜਾਤਾਂ, ਧਰਮਾਂ ਦੀਆਂ ਵੰਡੀਆਂ ਨੂੰ ਮੇਟ ਕੇ ਬੰਦਾ ਬਣ ਜਾਵੇ ਤਾਂ ਇਸ ਸੰਸਾਰ 'ਚੋਂ ਬਹੁਤੇ ਕਸ਼ਟ ਆਪਣੇ ਆਪ ਖ਼ਾਰਜ ਹੋ ਜਾਣਗੇ। ਕਵੀ ਦੀ ਇਸ ਲੋਚਾ ਨੂੰ 'ਪਾਟੇ ਹੋਏ ਪਤਵਾਰਾਂ ਨਾਲ', 'ਪੌਣ ਜਹਿਰਾਂ ਘੋਲ ਦੀ', ਅਤੇ 'ਵਾ-ਰਮ-ਵਾਰ' ਆਦਿ ਕਵਿਤਾਵਾਂ ਵਿਚੋਂ ਪਛਾਣਿਆ ਜਾ ਸਕਦਾ ਹੈ:

ੳ) ਕੁਦਰਤ ਦੇ ਕਹਿਰਾਂ ਤੋਂ ਡਰ ਕੇ, ਰੱਬ ਕਰੇ ਭੁੱਲ ਜਾਵੇਂ ਤੂੰ,
ਧਰਤੀ ਉਤੇ ਲੀਕਾਂ ਪਾਉਣਾ, ਤ੍ਰਿਸ਼ੂਲਾਂ, ਤਲਵਾਰਾਂ ਨਾਲ।
(ਪਾਟੇ ਹੋਏ ਪਤਵਾਰਾਂ ਨਾਲ, ਪੰਨਾ 35)

ਅ) ਇਹ ਸਮੇਂ ਦਾ ਗੇੜ ਹੈ, ਬਸ ਕੁਝ ਪਲਾਂ ਦਾ ਨੇਰ੍ਹ ਹੈ,
ਲੰਘ ਜਾਣੈ ਸੁਕਦੇ ਦਰਿਆ ਨੇ ਰੁੱਖਾਂ ਕੋਲ ਦੀ।
(ਪੌਣ ਜਹਿਰਾਂ ਘੋਲ ਦੀ, ਪੰਨਾ 34)

ੲ) ਮੈਥੋਂ ਵਾਪਸ ਲੈ ਲਵੇਂ, ਜਾਤੀ, ਧਰਮ ਪਛਾਣ,
ਮੈਨੂੰ ਬੰਦਾ ਬਣਨ ਦਾ, ਦੇ ਦੇਵੋ ਵਰਦਾਨ। (ਦੋਹੇ, ਪੰਨਾ 47)

ਸਪੱਸ਼ਟ ਹੈ, ਕਵੀ ਆਸ ਦਾ ਸੰਚਾਰ ਕਰਕੇ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਪਨਾ ਸਿਰਜ ਰਿਹਾ ਹੈ ਜੋ ਜਾਤ ਤੇ ਜਮਾਤ ਰਹਿਤ ਆਦਰਸ਼ ਸਮਾਜ ਹੋਵੇਗਾ। ਇਸ ਆਸ ਦੇ ਵਿਸ਼ਵਾਸ ਵਿਚ ਬਦਲਣ ਦੀ ਸੰਭਾਵਨਾ ਇਸ ਕਰਕੇ ਵੀ ਵਧੇਰੇ ਜਾਪਦੀ ਹੈ ਕਿਉਂਕਿ ਕਵੀ ਨੂੰ ਇਸ ਦੀ ਕੁੱਖ ਵਿਚ ਕਰਤਾਰੀ ਸ਼ਕਤੀ ਦੇ ਕਾਰਜਸ਼ੀਲ ਹੋਣ ਦਾ ਪੂਰਨ ਵਿਸ਼ਵਾਸ ਹੈ। ਕਵੀ ਇਸ ਵਿਸ਼ਵਾਸ ਨੂੰ 'ਰਬਾਬ' ਕਵਿਤਾ ਵਿਚ ਭਾਈ ਮਰਦਾਨੇ ਦੀ 'ਰਬਾਬ' ਦੇ ਚਿਹਨ ਰਾਹੀਂ ਗੁਰੂ ਸਾਹਿਬਾਂ ਦੇ ਸਰਬ-ਸਾਂਝੀਵਾਲਤਾ ਦੇ ਫ਼ਲਸਫ਼ੇ ਨੂੰ ਇਉਂ ਪੇਸ਼ ਕਰਦਾ ਹੈ:

ਨਫ਼ਰਤਾਂ, ਹੰਕਾਰ, ਹਉਮੈ ਚਰਨ ਬੰਧਨ ਹੋਣਗੇ,
ਪਾਣੀਆਂ-ਪੌਣਾ 'ਚ ਜਿਉਂ-ਜਿਉਂ, ਰਮ ਗਈ ਤੇਰੀ ਰਬਾਬ।
ਸ਼ੋਹਰਤਾਂ, ਰੁਤਬੇ ਤਲਿਸਮੀ ਕਰਮਕਾਂਡੀ ਦਮਗਜੇ,
ਰੁਲਣਗੇ ਪੈਰਾਂ 'ਚ ਆਖਰ, ਆਖਦੀ ਤੇਰੀ ਰਬਾਬ। (ਰਬਾਬ, ਪੰਨਾ 68)

ਮਹਾਮਾਰੀ ਦੇ ਮੌਸਮ ਦੌਰਾਨ ਆਪਣੇ ਕੰਮਾਂ-ਕਾਰਾਂ ਤੋਂ ਵਾਂਝੇ ਹੋਏ ਪਰਵਾਸੀ ਮਜ਼ਦੂਰਾਂ ਦੀਆਂ ਅਤਿ-ਕਰੁਣਾਮਈ ਸਥਿਤੀਆਂ, ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਦੇ ਆਰਥਿਕ ਤੰਗੀਆਂ ਕਾਰਨ ਵਿਗੜਦੇ ਮਾਨਸਿਕ ਸੰਤੁਲਣ ਅਤੇ ਨਸ਼ਿਆਂ ਦੇ ਦਰਿਆ ਵਿਚ ਡੁੱਬ ਜਾਣ ਦੇ ਯਥਾਰਥਕ ਚਿਤਰ, ਸਿਆਸੀ ਲੀਡਰਾਂ ਅਤੇ ਅਫ਼ਸਰਾਂ ਦੇ ਸਿਆਸੀ ਗੱਠਜੋੜ ਅਤੇ ਆਮ ਬੰਦੇ ਦੇ ਦਿਖਾਵੇ ਅਤੇ ਮਕਾਰੀ ਵਾਲੇ ਜੀਵਨ-ਵਿਵਹਾਰ ਕਾਰਨ ਦਿਨੋਂ-ਦਿਨ ਨਿੱਗਰਦੀਆਂ ਜਾ ਰਹੀਆਂ ਸਮਾਜਿਕ ਹਾਲਤਾਂ ਨੂੰ ਵੀ ਇਹ ਕਵਿਤਾਵਾਂ ਮੁਖਾਤਿਬ ਹੁੰਦੀਆਂ ਹਨ। ਇਹ ਕਵੀ ਦੀ ਤੀਖਣ ਤੇ ਵਿਸ਼ਾਲ ਰਚਨਾ ਦ੍ਰਿਸ਼ਟੀ ਦਾ ਹੀ ਕਮਾਲ ਹੈ ਕਿ ਸਮਾਜ ਦਾ ਹਰ ਵਰਤਾਰਾ ਅਤੇ ਮਨੁੱਖੀ ਦਰਦ ਉਸ ਦੀ ਕਾਵਿਕ ਅੱਖ ਦੇ ਫੋਕਸ ਵਿਚ ਰਹਿੰਦਾ ਹੈ। ਮਿਸਾਲ ਵਜੋਂ ਉਸ ਦੀਆਂ 'ਭੁੱਖ ਲੈ ਕੇ ਆਈ ਸੀ', 'ਦਰਦ ਕਹਾਣੀ' ਤੇ 'ਮੋਹ ਮਹੁੱਬਤ' ਆਦਿ ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ:

ੳ) ਭੁੱਖ ਲੈ ਕੇ ਆਈ ਸੀ, ਪਰਦੇਸ ਨੂੰ,
ਭੁੱਖ ਲੈ ਕੇ ਜਾ ਰਹੀ ਹੈ, ਦੇਸ ਨੂੰ।
ਸਹਿ ਰਿਹਾ ਧਿਰਕਾਰ, ਧੱਕੇ ਲਾਠੀਆਂ,
ਯਾਦ ਕਰਕੇ ਦੇਸ ਨੂੰ, ਪਰਦੇਸ ਨੂੰ। (ਭੁੱਖ ਲੈ ਕੇ ਆਈਸੀ, ਪੰਨਾ 38)

ਅ) ਸਰੂਆਂ ਵਰਗੇ ਗੱਭਰੂ ਡੁੱਬੇ,
ਨਸ਼ਿਆਂ ਦੇ ਦਰਿਆਵਾਂ ਵਿਚ।
ਰਾਹਾਂ ਦੇ ਰੁੱਖ ਫਸ ਕੇ ਡਿੱਗੇ,
ਆਪਣੀਆਂ ਹੀ ਛਾਵਾਂ ਵਿਚ।
ਸਾਜ਼ਾਂ ਤੋਂ ਸੁਰ ਬੇਮੁੱਖ ਹੋ ਗਈ,
ਛੋਹ ਮੰਗੇ ਮਿਜਰਾਬ ਦੀ।
ਫੇਰ ਸਮੇਂ ਨੇ ਪੱਤੀ ਪੱਤੀ
ਵਿੰਨ੍ਹੀ ਏਸ ਗੁਲਾਬ ਦੀ। (ਦਰਦ ਕਹਾਣੀ, ਪੰਨਾ 23)

ੲ) ਉਲਝੀ ਫਿਰੇ ਸਿਆਸਤ ਸਾਰੀ, ਉਲਝੇ ਤਾਣੇ ਬਾਣੇ,
ਮੰਜ਼ਿਲ ਉੱਤੇ ਰੱਥ ਪਹੁੰਚਣੋਂ, ਪਹਿਲਾ ਟੁੱਟੇ ਪਹੀਏ।
ਕਾਲ ਕੋਠੜੀ ਵਰਗਾ ਲਗਦਾ, ਹਰ ਵਿਹੜਾ ਹਰ ਮੰਜ਼ਰ,
ਸਮਝ ਨਾ ਆਵੇ ਕਿੰਨੇ ਚਿਰ ਤੱਕ, ਹੋਰ ਤਸੀਹੇ ਸਹੀਏ।
ਤੰਤਰ-ਮੰਤਰ, ਧਰਮ-ਧਨੰਤਰ ਭੀੜਾਂ ਚਾਰ ਚੁਫ਼ੇਰੇ,

ਸ਼ਾਮ-ਸਵੇਰੇ ਹੋਣੀ ਆਪਣੀ, ਚੇਤੇ ਕਰਦੇ ਰਹੀਏ।
ਗੁਰੂਆਂ ਪੀਰਾਂ ਨੇ ਜੋ ਲਿਖਿਆ, ਆਪਾਂ ਇਕ ਨਾ ਮੰਨੀ,
ਰੋਜ਼ ਦਿਖਾਵੇ ਖਾਤਰ ਭਾਵੇਂ, ਬਾਣੀ ਪੜ੍ਹਦੇ ਰਹੀਏ। (ਮੋਹ ਮੁਹੱਬਤ, ਪੰਨਾ 16)

ਜ਼ਾਹਿਰ ਹੈ, ਸਥਿਤੀਆਂ ਬਦ ਤੋਂ ਬਦਤਰ ਹੋ ਗਈਆਂ ਹਨ। ਪਦਾਰਥਾਂ ਤੇ ਸ਼ੋਹਰਤਾਂ ਦੀ ਅੰਨ੍ਹੀ ਦੌੜ ਦੌੜਦਿਆਂ ਬੰਦੇ ਨੇ ਸਮਾਜ ਨੂੰ ਅਜਿਹੇ ਨੈਤਿਕ ਨਿਘਾਰ ਦੇ ਕੰਢੇ ਲਿਆ ਖੜ੍ਹਾ ਕਰ ਦਿੱਤਾ ਹੈ ਕਿ ਜਿਸ ਵਿਚ ਮਨੁੱਖ ਦਾ ਜਿਉਣਾ ਨਾ-ਕੇਵਲ ਦੁੱਭਰ ਹੋਇਆ ਹੈ ਸਗੋਂ ਉਸ ਅੰਦਰੋਂ ਬੰਦਿਆਈ ਵੀ ਖੁਰਦੀ ਜਾ ਰਹੀ ਹੈ। ਅਜਿਹੇ ਵਿੰਡਬਣਾਕਾਰੀ ਦੌਰ ਵਿਚ ਸੰਵੇਦਨਸ਼ੀਲ ਬੰਦਾ ਸਧਾਰਨ ਬੰਦੇ ਨਾਲੋਂ ਜ਼ਿਆਦਾ ਜਿਹਨੀ ਤੇ ਜਿਸਮਾਨੀ ਪੱਧਰ 'ਤੇ ਸੰਕਟ ਭੋਗ ਰਿਹਾ ਹੈ। ਅਜਿਹੇ ਸੰਕਟਗ੍ਰਸਤ ਸਮਿਆਂ ਵਿਚ ਸਮਾਜ ਦੋਖੀ ਧਿਰਾਂ ਨਾਲ ਮੁਕਾਬਲਾ ਕਰਨ ਲਈ ਸਧਾਰਨ ਬੰਦੇ ਵੱਲੋਂ ਉਨ੍ਹਾਂ ਨੂੰ ਵਿਭਿੰਨ ਪੈਂਤੜਿਆਂ ਤੋਂ ਵੰਗਾਰਨਾ ਸਮੇਂ ਦੀ ਲੋੜ ਬਣ ਗਿਆ ਹੈ। ਅਜਿਹੇ ਪ੍ਰਗਤੀ ਵਿਚਾਰਾਂ ਨੂੰ ਜਾਗਦੀਆਂ ਜ਼ਮੀਰਾਂ ਵਾਲੇ ਬੰਦਿਆਂ ਦੇ ਧੁਰ ਅੰਦਰ ਤੱਕ ਸੰਚਾਰਣ ਲਈ ਕਵੀ 'ਮੋਹ-ਮਹੁੱਬਤ' ਅਤੇ 'ਕਦੇ ਨਾ ਸੋਚਿਆ ਸੀ' ਕਵਿਤਾਵਾਂ ਵਿਚ ਇਨ੍ਹਾਂ ਵਿਚਾਰਾਂ ਨੂੰ ਇਉਂ ਪ੍ਰਸਤੁਤ ਕਰਦਾ ਹੈ:

ੳ) ਮੋਹ ਮੁਹੱਬਤ ਤੇ ਮੁਸਕਾਨਾਂ ਹਰ ਦਮ ਵੰਡਦੇ ਰਹੀਏ,
ਚਾਨਣ ਦੇ ਵਣਜਾਰੇ ਬਣ ਕੇ, ਨਾਲ ਜ਼ਬਰ ਦੇ ਖਹੀਏ। (ਮੋਹ ਮੁਹੱਬਤ, ਪੰਨਾ-16)

ਅ) ਹਨ੍ਹੇਰੀ ਰਾਤ ਅੰਦਰ ਵੀ, ਜ਼ਮੀਰਾਂ ਨੂੰ ਜਗਾ ਰੱਖਣਾ,
ਜ਼ਮੀਰਾਂ ਦਾ ਜਗੂ ਜਜ਼ਬਾ, ਤਾਂ ਆਪੇ ਤਿੜਕਣਗੇ ਪੱਥਰ।
ਵਿਚਾਰਾਂ ਦੀ ਲੜਾਈ, ਪਾਣੀਆਂ ਤੇ ਪੱਥਰਾਂ ਦੀ ਹੈ,
ਵਗੇਗਾ ਜ਼ਬਤ ਵਿਚ ਪਾਣੀ, ਤਾਂ ਅੱਗੇ ਰਿੜਣਗੇ ਪੱਥਰ (ਕਦੇ ਨਾ ਸੋਚਿਆ ਨੀ, ਪੰਨਾ 68)

ਇਉਂ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਜਿਥੇ ਕਰੋਨਾ ਵਾਇਰਸ ਕਾਰਨ ਪੈਦਾ ਹੋਈਆਂ ਅਤਿ-ਸੰਕਟਸ਼ੀਲ ਸਥਿਤੀਆਂ/ਪਰਸਿਥਤੀਆਂ ਵਿਚਲੇ ਵਿਵੇਕ ਦੇ ਅੰਤਰਗਤ ਸਿਰਜਤ ਹੋਏ ਕਵੀ ਦੇ ਅਸਤਿਤਵ ਦੇ ਵਿਭਿੰਨ ਪਾਸਾਰਾਂ ਵਜੋਂ ਆਪਣੀ ਪਛਾਣ ਸਥਾਪਤ ਕਰਦੀਆਂ ਹਨ ਉਥੇ ਇਸ ਸਮੇਂ ਦੌਰਾਨ ਪੰਜਾਬੀ ਸਮਾਜਚਾਰੇ ਵਿਚ ਅੰਦਰੂਨੀ ਤੇ ਬਹਿਰੂਨੀ ਪੱਧਰ 'ਤੇ ਵਾਪਰੀਆਂ ਤਬਦੀਲੀਆਂ ਨੂੰ ਤਰਕਵਾਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਵੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਪ੍ਰਾਪਤੀ ਸਹਿਜ ਅਤੇ ਪ੍ਰਭਾਵਸ਼ਾਲੀ ਕਾਵਿ-ਭਾਸ਼ਾ ਰਾਹੀਂ ਜਟਿਲ ਤੋਂ ਜਟਿਲਤਰ ਵਰਤਾਰਿਆਂ ਨੂੰ ਕਾਵਿ-ਸੁਹਜ ਦਾ ਸਹਿਜ ਅੰਗ ਬਣਾ ਕੇ ਪ੍ਰਸਤੁਤ ਕਰਨ ਅਤੇ ਵਿਲਾਸੀ ਬੰਦੇ ਨੂੰ ਕੁਦਰਤ ਦੇ ਕਹਿਰਾਂ ਤੋਂ ਸਬਕ ਲੈ ਕੇ ਅਸਲ ਅਰਥਾਂ ਵਿਚ ਬੰਦੇ ਬਨਣ ਦਾ ਮਾਰਗ ਦਰਸਾਉਣ ਵਿਚ ਨਜ਼ਰ ਆਉਂਦੀ ਹੈ।


## ਟਿੱਪਣੀਆਂ ਤੇ ਹਵਾਲੇ:



1. ਡਾ. ਮਨਮੋਹਨ, ਕਾਵਿ ਲੋਕ, ਜੁਲਾਈ-ਸਤੰਬਰ 2022, ਪੰਨਾ 09
2. ਲਖਵਿੰਦਰ ਜੌਹਲ, ਅੱਥਰੂ ਦੀ ਆਤਮ-ਕਥਾ, ਪੰਨਾ 7-8
3. ਹਰਿਭਜਨ ਸਿੰਘ, ਪਤਰਾਂਜਲੀ, ਪੰਨਾ 69
4. ਲਖਵਿੰਦਰ ਜੌਹਲ, ਪਾਣੀ ਹੋਏ ਵਿਚਾਰ, ਪੰਨਾ 06
5. ਡਾ. ਯੋਗਰਾਜ, ਕਰਮ-ਪ੍ਰਤੀਕਰਮ (ਰਵਿੰਦਰ ਸਿੰਘ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ 10



••


KAVLOK : January-March 2023
Literary Quarterly Magazine

RNI Title Code : PUN PUN 04277




Printer, Publisher, Owner & Editor Lakhvinder Singh Johal. Prinited at Ram Avtar Offset Printers, E.D.158-159, Dhan Mohala, Khingran Gate, Jalandhar Punjab-144001 and Published at 20 Professor Colony, Near Wadala Chowk, Jalandhar Punjab-144003

Publication Date : 1/1/2023

ਪ੍ਰਿੰਟਰ, ਪਬਲਿਸ਼ਰ, ਮਾਲਕ ਅਤੇ ਸੰਪਾਦਕ ਲਖਵਿੰਦਰ ਸਿੰਘ ਜੌਹਲ ਨੇ ਰਾਮ ਅਵਤਾਰ ਆਫ਼ਸੈੱਟ ਪ੍ਰਿੰਟਰਜ਼, ਈ.ਡੀ. 158-159, ਧਨ ਮੁਹੱਲਾ, ਖਿੰਗਰਾਂ ਗੇਟ, ਜਲੰਧਰ ਪੰਜਾਬ-144001 ਤੋਂ ਛਪਵਾ ਕੇ 20 ਪ੍ਰੋਫੈਸਰ ਕਾਲੋਨੀ, ਨੇੜੇ ਵਡਾਲਾ ਚੌਂਕ, ਜਲੰਧਰ ਪੰਜਾਬ-144003 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : 1/1/2023